ਡੇਵਿਡ ਜੇ. ਬਰਜਰ, ਸਟੇਟ ਬਾਰ ਨੰ. ੧੪੭੬੪੫
ਥੌਮਸ ਜੇ. ਮਾਰਟਿਨ, ਸਟੇਟ ਬਾਰ ਨੰ. ੧੫੦੦੩੯
ਕੈਥਰੀਨ ਈ. ਮੋਰੀਨੋ, ਸਟੇਟ ਬਾਰ ਨੰ. ੨੬੪੫੧੭
ਵਿਲਸਨ ਸੋਨਸਿਨੀ ਗੁਡਰਿਚ ਐਂਡ ਰੋਸੈਟੀ
ਪ੍ਰੋਫੈਸ਼ਨਲ ਕਾਰਪੋਰੇਸ਼ਨ
650 ਪੇਜ ਮਿੱਲ ਰੋਡ
ਪਾਲੋ ਆਲਟੋ, ਸੀਏ (CA) ੯੪੩੦੪-੧੦੫੦
ਟੈਲੀਫ਼ੋਨ: (੬੫੦) ੪੯੩-੯੩੦੦
ਫੈਕਸ: (੬੫੦) ੫੬੫-੫੧੦੦
ਈਮੇਲ: tmartin@wsgr.com

ਪਾਲ ਸ਼ਾਵੇਜ਼, ਸਟੇਟ ਬਾਰ ਨੰ. ੨੪੧੫੭੬
ਰੌਬਿਨ ਗੋਲਡਫੇਡਨ, ਸਟੇਟ ਬਾਰ ਨੰ. ੨੦੮੦੫੫
ਲਾਯਰਜ਼ ਕਮੇਟੀ ਫਾਰ ਸਿਵਿਲ ਰਾਈਟਸ
ਆਫ਼ ਦ ਸੈਨ ਫਰਾਂਸਿਸਕੋ ਬੇਅ ਏਰੀਆ
੧੩੧ ਸਟੂਆਰਟ ਸਟ੍ਰੀਟ, ਸੁਈਟ ੪੦੦
ਸੈਨ ਫਰਾਂਸਿਸਕੋ, ਸੀਏ (CA) ੯੪੧੦੫
ਟੈਲੀਫ਼ੋਨ: (੪੧੫) ੫੪੩-੯੪੪੪
ਫੈਕਸ: (੪੧੫) ੫੪੩-੦੨੯੬
ਈਮੇਲ: pchavez@lccr.com

ਜੂਲੀਆ ਹਾਰੂਮੀ ਮਾਸ, ਸਟੇਟ ਬਾਰ ਨੰ. ੧੮੯੬੪੯
ਜਿੰਗਨੀ (ਜੈਨੀ) ਝਾਓ, ਸਟੇਟ ਬਾਰ ਨੰ. ੨੮੪੬੮੪
ਐਲੇਨ ਐੱਲ. ਸਕਲੋਸਰ, ਸਟੇਟ ਬਾਰ ਨੰ. ੪੯੯੫੭
ਅਮੈਰੀਕਨ ਸਿਵਿਲ ਲਿਬਰਟੀਜ਼ ਫਾਊਂਡੇਸ਼ਨ
ਆਫ਼ ਨਾਰਦਰਨ ਕੈਲੀਫੋਰਨੀਆ, ਇੰਕ.
39 ਡਰੰਮ ਸਟ੍ਰੀਟ
ਸੈਨ ਫਰਾਂਸਿਸਕੋ, ਸੀਏ (CA) ੯੪੧੧੧
ਟੈਲੀਫ਼ੋਨ: (੪੧੫) ੬੨੧-੨੪੯੩
ਫੈਕਸ: (੪੧੫) ੨੫੫-੮੪੩੭
ਈਮੇਲ: jmass@aclunc.org

ਮਦਈਆਂ ਲਈ ਵਕੀਲ

**ਯੂਨਾਇਟਿਡ ਸਟੇਟਸ ਡਿਸਟ੍ਰਿਕਟਸ ਕੋਰਟ**

**ਨਾਰਦਰਨ ਡਿਸਟ੍ਰਿਕਟ ਆਫ਼ ਕੈਲੀਫੋਰਨੀਆ**

**ਸੈਨ ਫਰਾਂਸਿਸਕੋ ਡਿਵੀਜ਼ਨ**

| | |
|---|---|
| ਯੂਏਲੋਆਨ ਡੀ ਆਬਾਡੀਆ-ਪੀਕ੍ਸੋਟੋ. *ਤੇ ਹੋਰ,*<br><br>ਮੁੱਦਈ।<br><br>ਬਨਾਮ<br><br>ਯੂਨਾਇਟਿਡ ਸਟੇਟਸ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ, *ਤੇ ਹੋਰ,*<br><br>ਪ੍ਰਤੀਵਾਦੀ। | ਕੇਸ ਨੰ.: ੩:੧੧-ਸੀਵੀ-੪੦੦੧ ਆਰਐੱਸ<br><br>**<u>ਕਲਾਸ ਐਕਸ਼ਨ</u>**<br><br>**ਪ੍ਰਸਤਾਵਿਤ ਕਲਾਸ ਕਾਰਵਾਈ ਸਮਝੌਤੇ ਦੀ ਸੂਚਨਾ** |

***ਜ਼ਰੂਰੀ: ਕਿਰਪਾ ਕਰਕੇ ਧਿਆਨ ਨਾਲ ਪੜ੍ਹੋ***

*"ਉਸ ਵਰਗ" ਲਈ: ਜਿਸ ਦੇ ਸਾਰੇ ਅਜੋਕੇ ਤੇ ਭਵਿਖ ਦੇ ਆਵਾਸ ਬੰਦੀ ਜਿਨ੍ਹਾਂ ਦੇ ਮੁਕੱਦਮੇ ਸੈਨ ਫਰਾਂਸਿਸਕੋ ਦੀ ਆਵਾਸ ਅਦਾਲਤ ਵਿਚ ਹੁਣ ਪੇ ਚਲਦੇ ਹਨ ਜਾਂ ੨੩ ਦਸੰਬਰ ੨੦੧੧ ਤੋਂ ਲੈ ਕੇ ਅਪਰੈਲ ੧੦, ੨੦੧੭ ਤੱਕ ("ਦੀ ਕਲਾਸ") ਚਲਣਗੇ।*

ਇਹ ਸੂਚਨਾ ਅਦਾਲਤ ਦੇ ਹੁਕਮ ਮੁਤਾਬਕ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾ ਰਿਹਾ ਹੈ ਜਿਹੜੇ ਮੌਜੂਦਾ ਅਤੇ ਭਵਿੱਖਤ ਬਾਲਗ਼ ਇਮੀਗ੍ਰੇਸ਼ਨ ਬੰਦੀਆਂ ਦੀ ਕਿਸੇ ਕਲਾਸ ਦੇ ਮੈਂਬਰ ਹੋ ਸਕਦੇ ਹਨ, ਜਿਨ੍ਹਾਂ ਕੋਲ ਦਸੰਬਰ ੨੩, ੨੦੧੧ ਤੋਂ ਅਪਰੈਲ ੧੦, ੨੦੧੭ ਦੇ ਦੌਰਾਨ ਸੈਨ ਫਰਾਂਸਿਸਕੋ ਦੇ ਇਮੀਗ੍ਰੇਸ਼ਨ ਅਦਾਲਤ ਵਿੱਚ ਕਾਨੂੰਨੀ ਕਾਰਵਾਈਆਂ ਹਨ ਜਾਂ ਹੋਣਗੀਆਂ, ਜਿਹੜੇ *De Abadia Peixoto et al. ਬਨਾਮ ਯੂਨਾਇਟਿਡ ਸਟੇਟਸ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ, ਤੇ ਹੋਰ,* ਕੇਸ ਨੰਬਰ ੩:੧੧-CV-੪੦੦੧ RS (ਯੂ.ਐੱਸ. ਡਿਸਟ੍ਰਿਕਟ ਕੋਰਟ, ਨਾਰਦਰਨ ਡਿਸਟ੍ਰਿਕਟ ਆਫ਼ ਕੈਲੀਫੋਰਨੀਆ) ਨਾਮਕ ਇੱਕ ਕਲਾਸ ਐਕਸ਼ਨ ਮੁਕੱਦਮੇ ਦੇ ਸਮਝੌਤੇ ਦੁਆਰਾ ਪ੍ਰਭਾਵਿਤ ਹੋਏ ਹਨ।

ਮੁਕੱਦਮੇ ਦਾ ਦਾਅਵਾ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ("ICE") ਦੁਆਰਾ ਨਿਯੋਜਿਤ ਕਾਰਜ-ਪ੍ਰਣਾਲੀ, ਜਿਸ ਅਨੁਸਾਰ ਸਾਰੇ ਇਮੀਗ੍ਰੇਸ਼ਨ ਬੰਦੀਆਂ ਨੂੰ ਸੈਨ ਫਰਾਂਸਿਸਕੋ ਦੇ ਇਮੀਗ੍ਰੇਸ਼ਨ ਅਦਾਲਤ ਵਿੱਚ ਉਨ੍ਹਾਂ ਦੀਆਂ ਹਾਜ਼ਰੀਆਂ ਦੇ ਦੌਰਾਨ, ਉਨ੍ਹਾਂ ਨੂੰ ਰੋਕਣਾ ਅਸੰਵਿਧਾਨਿਕ ਸੀ, ਅਤੇ ਬੰਦੀਆਂ ਦੇ ਉਚਿਤ ਪ੍ਰਕਿਰਿਆ ਅਧਿਕਾਰਾਂ ਦੀ ਉਲੰਘਣਾ ਸੀ। ਪ੍ਰਤੀਵਾਦੀ, ਜਿਨ੍ਹਾਂ ਵਿੱਚ ਸ਼ਾਮਲ ਹਨ United States ਯੂਨਾਇਟਿਡ ਸਟੇਟਸ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ ("DHS"); ਰੈਂਡ ਬੀਅਰਜ਼, ਐਕਟਿੰਗ ਸੈਕ੍ਰੇਟਰੀ ਆਫ਼ ਡੀਐੱਚਐੱਸ (DHS); ਯੂਨਾਇਟਿਡ ਸਟੇਟਸ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ("ICE"); ਜੌਹਨ ਸੈਂਡਵੈਗ, ਐਕਟਿੰਗ ਡਾਇਰੈਕਟਰ ਆਫ਼ ICE; ਟਿਮੋਥੀ ਐਟਕੈਨ, ਫੀਲਡ ਆਫ਼ਿਸ ਡਾਇਰੈਕਟਰ ਆਫ਼ ਸੈਨ ਫਰਾਂਸਿਸਕੋ ਡਿਸਟ੍ਰਿਕਟ ਆਫ਼ ICE; ਐਰਿਕ ਐੱਚ ਹੋਲਡਰ, ਜੂਨੀਅਰ, ਯੂਨਾਇਟਿਡ ਸਟੇਟਸ ਅਟਾਰਨੀ ਜਨਰਲ; ਦਾ ਐਗਜ਼ੀਕਿਊਟਿਵ ਆਫ਼ਿਸਰ ਫਾਰ ਇਮੀਗ੍ਰੇਸ਼ਨ ਰੀਵਿਊ ("EOIR"); ਅਤੇ ਜੁਆਨ ਪੀ. ਔਸੁਨਾ, ਡਾਇਰੈਕਟਰ ਆਫ਼ EOIR (ਸਮੂਹਿਕ ਰੂਪ ਵਿੱਚ, "ਪ੍ਰਤੀਵਾਦੀ") ਸਾਰੇ ਦੁਰਾਚਾਰ ਤੋਂ ਇਨਕਾਰ ਕਰਦੇ ਹਨ।

ਡਿਸਟ੍ਰਿਕਟ ਅਦਾਲਤ ਨੇ ਸਮਝੌਤੇ ਬਾਰੇ ਵਿਚਾਰ ਕਰਨ ਲਈ ਅਪਰੈਲ ੧੦, ੨੦੧੪ ਨੂੰ ਦੁਪਹਿਰ ੧:੩੦ ਵਜੇ ਕੋਰਟਰੂਮ ੩, ੧੭ਵੀਂ ਮੰਜਲ ਤੇ ਯੂਨਾਇਟਿਡ ਸਟੇਟਸ ਡਿਸਟ੍ਰਿਕਟ ਕੋਰਟ, ਯੂਨਾਇਟਿਡ ਸਟੇਟਸ ਕੋਰਟਹਾਊਸ, ੪੫੦ ਗੋਲਡਨ ਗੇਟ ਐਵੀਨਿਊ, ਸੈਨ ਫਰਾਂਸਿਸਕੋ, ਕੈਲੀਫੋਰਨੀਆ ੯੪੧੦੨ ਵਿੱਚ ਇਕ ਸੁਣਵਾਈ ਦਾ ਆਯੋਜਨ ਕੀਤਾ ਹੈ।

ਇਹ ਸੁਣਵਾਈ ਸਮਝੌਤਾ ਸੁਣਵਾਈ ਜਾਂ ਨਿਰਪੱਖੀ ਸੁਣਵਾਈ ਨਾਲ ਉਲੇਖਿਤ ਹੈ। ਜੇਕਰ ਡਿਸਟ੍ਰਿਕਟ ਅਦਾਲਤ ਇਸ ਸਮਝੌਤੇ ਨੂੰ ਮਨਜ਼ੂਰ ਕਰਦੀ ਹੈ, ਕਲਾਸ ਮੈਂਬਰਾਂ ਦੇ ਸਾਰੇ ਦਾਅਵੇ ਜਿਹੜੇ ਕਿ ਪ੍ਰਤੀਵਾਦੀਆਂ ਦੇ ਵਿਰੁੱਧ ਹਨ, ਜਿਹੜੇ ਕਿ ਮੁਕੱਦਮੇ ਵਿੱਚ ਦੋਸ਼ਿਤ ਤੱਥਾਂ ਅਤੇ ਹਾਲਾਤਾਂ ਤੋਂ ਪੈਦਾ ਹੋਏ ਜਾਂ ਸੰਬੰਧਿਤ ਸਨ, ਜਾਂ ਕਲਾਸ ਵੱਲੋਂ ਦ੍ਰਿੜ੍ਹ ਕੀਤੇ ਗਏ ਜਾਂ ਕੀਤੇ ਜਾਣੇ ਚਾਹੀਦੇ ਸਨ, ਹਮੇਸ਼ਾਂ ਲਈ ਬਰੀ ("ਬਰੀ ਕੀਤੇ ਹੋਏ ਦਾਅਵੇ") ਕਰ ਦਿੱਤੇ ਜਾਣਗੇ। ਬਰੀ ਕੀਤੇ ਹੋਏ ਦਾਅਵਿਆਂ ਵਿੱਚ ਸੈਨ ਫਰਾਂਸਿਸਕੋ ਇਮੀਗ੍ਰੇਸ਼ਨ ਅਦਾਲਤ ਵਿੱਚ ਬੰਦਿਸ਼ਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਨੀਤੀਆਂ ਅਤੇ ਕਾਰਜ-ਪ੍ਰਣਾਲੀਆਂ ਦੀ ਨਿਆਂਪੂਰਤੀ ਨੂੰ ਚੁਣੌਤੀ ਦਿੰਦਿਆਂ ਹੋਇਆਂ, ਸਾਰੀਆਂ ਦੋਸ਼ਾਤਮਕ ਜਾਂ ਘੋਸ਼ਣਾਤਮਕ ਰਾਹਤਾਂ (ਜਾਣਕਾਰ ਜਾਂ

ਅਣਜਾਣ) ਲਈ ਸਮਝੌਤੇ ਤੋਂ ਕਿਸੇ ਵੀ ਸਮੇਂ ਪਹਿਲਾਂ, ਸਾਰੇ ਦਾਅਵੇ, ਜਿਹੜੇ ਕਿ ਕਲਾਸ ਦੇ ਮੈਂਬਰਾਂ ਵੱਲੋਂ ਲਿਆਏ ਜਾ ਸਕਦੇ ਸਨ, ਸ਼ਾਮਲ ਹਨ। ਇਹ ਸਮਝੌਤਾ ਕਿਸੇ ਵਿਅਕਤੀਗਤ ਕਲਾਸ ਮੈਂਬਰ (ਮੁੱਦਈ ਵਜੋਂ ਦਿੱਤੇ ਗਏ ਨਾਮ ਤੋਂ ਇਲਾਵਾ) ਦੀ ਉਸਦੀ ਨਿੱਜੀ ਸਮਰੱਥਾ ਵਿੱਚ ਅਜਿਹੇ ਕਲਾਸ ਮੈਂਬਰ ਉੱਤੇ ਪ੍ਰਤੀਵਾਦੀ ਦੀ ਬੰਧਨਾਂ ਦੀ ਅਰਜ਼ੀ ਦੇ ਨਤੀਜੇ ਵਜੋਂ ਸੱਟ ਝੇਲਣ ਤੋਂ ਜਾਂ ਸੰਬੰਧਤ ਨਤੀਜੇ ਤੋਂ ਪੈਦਾ ਹੋਏ ਆਰਥਿਕ ਨੁਕਸਾਨਾਂ ਲਈ ਦਾਅਵਾ ਲਿਆਉਣ ਦੀ ਯੋਗਤਾ ਨੂੰ ਬਰੀ ਨਹੀਂ ਕਰਦਾ। ਨਾ ਹੀ ਇਹ ਕਿਸੇ ਵਿਅਕਤੀਗਤ ਕਲਾਸ ਮੈਂਬਰ (ਮੁੱਦਈ ਵਜੋਂ ਦਿੱਤੇ ਗਏ ਨਾਮ ਤੋਂ ਇਲਾਵਾ) ਦੀ ਬਹਿਸ ਕਰਨ ਦੀ ਯੋਗਤਾ ਉੱਤੇ ਇਹ ਪ੍ਰਭਾਵ ਪਾਉਂਦਾ ਹੈ ਕਿ ਬੰਧਨਾਂ ਦੀ ਅਰਜ਼ੀ ਨੇ ਉਸਨੂੰ ਆਪਣਾ ਕੇਸ ਸੈਨ ਫਰਾਂਸਿਸਕੋ ਇਮੀਗ੍ਰੇਸ਼ਨ ਅਦਾਲਤਵਿੱਚ ਬਚਾਉ ਲਈ ਜਾਂ ਪੇਸ਼ ਕਰਨ ਲਈ, ਉਸਦੀ ਯੋਗਤਾ ਉੱਤੇ ਗੰਭੀਰ ਪ੍ਰਭਾਵ ਪਾਇਆ।

**ਇਸ ਸੂਚਨਾ ਦਾ ਉਦੇਸ਼ ਤੁਹਾਨੂੰ ਹੇਠ ਲਿਖਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ:**

- **ਮੁਕੱਦਮੇ ਦੀ ਕਿਸਮ, ਅਤੇ ਕਲਾਸ ਦਾ ਮੈਂਬਰ ਕੌਣ ਹੈ;**
- **ਸਮਝੌਤੇ ਲਈ ਤੁਹਾਡੀ ਵਿਰੋਧਤਾ ਦਾ ਅਧਿਕਾਰ;**
- **ਪ੍ਰਸਤਾਵਿਤ ਸਮਝੌਤੇ ਦੇ ਨਿਯਮਾਂ ਦਾ ਵੇਰਵਾ; ਅਤੇ**
- **ਪ੍ਰਸਤਾਵਿਤ ਸਮਝੌਤੇ ਬਾਰੇ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕੀਤੀ ਜਾਵੇ।**

## ਮੁਕੱਦਮਾ ਅਤੇ ਕਲਾਸ

ਇਹ ਮੁਕੱਦਮਾ ਇੱਕ ਕਲਾਸ ਕਾਰਵਾਈ ਵਜੋਂ ਅਗਸਤ ੧੫, ੨੦੧੧ ਨੂੰ ਚਾਰ ਇਮੀਗ੍ਰੇਸ਼ਨ ਬੰਦੀਆਂ, ਜਿਨ੍ਹਾਂ ਨੇ ਸੈਨ ਫਰਾਂਸਿਸਕੋ ਇਮੀਗ੍ਰੇਸ਼ਨ ਅਦਾਲਤ ਵਿੱਚ ਕਾਰਵਾਈ ਪੇਸ਼ ਜਾਂ ਨਿਰਧਾਰਿਤ ਕੀਤੀ, ਦੁਆਰਾ ਫਾਈਲ ਕੀਤਾ ਗਿਆ ਸੀ। ਮੁਕੱਦਮਾ ਇਹ ਦਾਅਵਾ ਕਰਦਾ ਹੈ ਕਿ ਪ੍ਰਤੀਵਾਦੀਆਂ ਦੀ ਤਤਕਾਲੀਨ-ਵਰਤਮਾਨ ਨੀਤੀ, ਜਿਸ ਅਨੁਸਾਰ ਸਾਰੇ ਇਮੀਗ੍ਰੇਸ਼ਨ ਬੰਦੀਆਂ ਨੂੰ ਸੈਨ ਫਰਾਂਸਿਸਕੋ ਦੇ ਇਮੀਗ੍ਰੇਸ਼ਨ ਅਦਾਲਤਵਿੱਚ ਉਨ੍ਹਾਂ ਦੀਆਂ ਅਦਾਲਤੀ ਕਾਰਵਾਈਆਂ ਦੇ ਦੌਰਾਨ, ਉਨ੍ਹਾਂ ਨੂੰ ਰੋਕਣਾ ਅਸੰਵਿਧਾਨਿਕ ਸੀ, ਅਤੇ ਬੰਦੀਆਂ ਦੇ ਕਾਰਜ-ਪ੍ਰਣਾਲੀ ਹੱਕਾਂ ਦੀ ਉਲੰਘਣਾ ਸੀ। ਮੁੱਦਈਆਂ ਨੇ ਰੋਕ ਦੀ ਆਗਿਆ ਦੇ ਵਿਰੁੱਧ ਰਾਹਤ ਅਤੇ ਵਕੀਲਾਂ ਦੀ ਫ਼ੀਸ ਦੀ ਮੰਗ ਕੀਤੀ।

ਦਸੰਬਰ ੨੩, ੨੦੧੧ ਨੂੰ, ਅਦਾਲਤ ਨੇ ਫ਼ੈਸਲਾ ਦਿੱਤਾ ਕਿ ਮੁੱਦਈਆਂ ਦਾ ਦਾਅਵਾ, ਇੱਕ ਕਲਾਸ ਵੱਲੋਂ, ਜਿਹੜੀ ਕਿ "ਸਾਰੇ ਮੌਜੂਦਾ ਅਤੇ ਭਵਿੱਖਤ ਬਾਲਗ਼ ਇਮੀਗ੍ਰੇਸ਼ਨ ਬੰਦੀ ਜਿਨ੍ਹਾਂ ਕੋਲ ਸੈਨ ਫਰਾਂਸਿਸਕੋ ਦੇ ਇਮੀਗ੍ਰੇਸ਼ਨ ਅਦਾਲਤ ਵਿੱਚ ਕਾਨੂੰਨੀ ਕਾਰਵਾਈਆਂ ਹਨ ਜਾਂ ਹੋਣਗੀਆਂ" ਨਾਲ ਪ੍ਰਭਾਸ਼ਿਤ ਕੀਤੀ ਜਾਂਦੀ ਹੈ, ਦੇ ਅਨੁਸਾਰ, ਅੱਗੇ ਲਿਜਾਇਆ ਜਾ ਸਕਦਾ ਹੈ।

ਅਦਾਲਤ ਦੇ ਹੁਕਮ ਨੇ ਇਸ ਕਾਰਵਾਈ ਵਿੱਚ ਕਲਾਸ ("ਕਲਾਸ ਕਾਊਂਸਲ") ਦੇ ਕਾਊਂਸਲ ਵਜੋਂ ਸੇਵਾ ਨਿਭਾਉਣ ਲਈ ਹੇਠ ਲਿਖੇ ਵਕੀਲਾਂ ਨੂੰ ਨਾਮਜ਼ਦ ਕੀਤਾ:

ਡੇਵਿਡ ਜੇ. ਬਰਜਰ, ਸਟੇਟ ਬਾਰ ਨੰ. ੧੪੭੬੪੫
ਕੈਥਰੀਨ ਈ. ਮੋਰੀਨੋ, ਸਟੇਟ ਬਾਰ ਨੰ. ੨੬੪੫੧੭
ਵਿਲਸਨ ਸੋਨਸਿਨੀ ਗੁਡਰਿਚ ਐਂਡ ਰੋਸੈਟੀ
ਪ੍ਰੋਫੈਸ਼ਨਲ ਕਾਰਪੋਰੇਸ਼ਨ
650 ਪੇਜ ਮਿੱਲ ਰੋਡ
ਪਾਲੋ ਆਲਟੋ, ਸੀਏ (CA) ੯੪੩੦੪-੧੦੫੦
ਟੈਲੀਫ਼ੋਨ: (੬੫੦) ੪੯੩-੯੩੦੦
ਫੈਕਸ: (੬੫੦) ੫੬੫-੫੧੦੦

ਪਾਲ ਸ਼ਾਵੇਜ਼, ਸਟੇਟ ਬਾਰ ਨੰ. ੨੪੧੫੭੬
ਲਾਯਰਜ਼ ਕਮੇਟੀ ਫਾਰ ਸਿਵਿਲ ਰਾਈਟਸ
ਆਫ਼ ਦ ਸੈਨ ਫਰਾਂਸਿਸਕੋ ਬੇਅ ਏਰੀਆ
੧੩੧ ਸਟੂਆਰਟ ਸਟ੍ਰੀਟ, ਸੁਈਟ ੪੦੦
ਸੈਨ ਫਰਾਂਸਿਸਕੋ, ਸੀਏ (CA) ੯੪੧੦੫
ਟੈਲੀਫ਼ੋਨ: (੪੧੫)੫੪੩-੯੪੪
ਫੈਕਸ: (੪੧੫) ੫੪੩-੦੨੯੬

ਜੂਲੀਆ ਹਾਰੂਮੀ ਮਾਸ, ਸਟੇਟ ਬਾਰ ਨੰ. ੧੯੯੬੪੯
ਐਲੇਨ ਐੱਲ. ਸਕਲੋਸਰ, ਸਟੇਟ ਬਾਰ ਨੰ. ੪੯੯੫੭
ਅਮੈਰੀਕਨ ਸਿਵਿਲ ਲਿਬਰਟੀਜ਼ ਫਾਊਂਡੇਸ਼ਨ
ਆਫ਼ ਨਾਰਦਰਨ ਕੈਲੀਫੋਰਨੀਆ, ਇਨਕ.
੩੯ ਡਰੰਮ ਸਟ੍ਰੀਟ
ਸੈਨ ਫਰਾਂਸਿਸਕੋ, ਸੀਏ (CA) ੯੪੧੧੧
ਟੈਲੀਫ਼ੋਨ: (੪੧੫) ੬੨੧-੨੪੯੩
ਫੈਕਸ: (੪੧੫) ੨੫੫-੮੪੩੭

ਅਦਾਲਤ ਦੇ ਹੁਕਮ ਨੇ ਯੂਏਲਿਨ ਅਬਾਦੀਆ ਪੀਕਸੋਟੋ (Uelian De Abadia Peixoto), ਪੈਡਰੋ ਨੋਲਾਸਕੋ ਜੋਸ (Pedro Nolasco Jose), ਮੀ ਲਿਆਨ ਵੀ (Mi Lian Wei), ਅਤੇ ਐਸਮਰ ਸਿਫਿਯੂਐਂਟੀਸ (Esmar Cifuentes) ਨਾਮ ਦੇ ਮੁੱਦਈਆਂ ਨੂੰ ਵੀ ਕਲਾਸ ਪ੍ਰਤੀਨਿਧੀਆਂ ਵਜੋਂ ਨਿਯੁਕਤ ਕੀਤਾ।

## ਪ੍ਰਸਤਾਵਿਤ ਸਮਝੌਤੇ ਦਾ ਵੇਰਵਾ

ਦਸੰਬਰ ੧੮, ੨੦੧੩ ਨੂੰ, ਇਸ ਮੁਕੱਦਮੇ ਦੀਆਂ ਪਾਰਟੀਆਂ ਨੇ ਪ੍ਰਸਤਾਵਿਤ ਸਮਝੌਤਾ ਕੀਤਾ, ਕਿ:

1. ਸੈਨ ਫਰਾਂਸਿਸਕੋ ਇਮੀਗ੍ਰੇਸ਼ਨ ਅਦਾਲਤ ਵਿੱਚ ਬੰਧਨਾਂ ਲਈ ਵਰਤੀ ਜਾਣ ਵਾਲੀ ਪ੍ਰਤੀਵਾਦੀਆਂ ਦੀ ਨੀਤੀ ਇਮੀਗ੍ਰੇਸ਼ਨ ਅਦਾਲਤ ਦੀਆਂ ਸੁਣਵਾਈਆਂ ਅਤੇ ਅਦਾਲਤ ਵਿੱਚ ਪੇਸ਼ ਹੋਣ ਵਾਲੇ ਬੰਦੀਆਂ ਦੀ ਨਿੱਜੀ ਇੱਜ਼ਤ ਦੀ ਸੰਭਾਲ ਕਰੇਗੀ, ਇਸਦੇ ਨਾਲ ਹੀ ਸਾਰੇ ਭਾਗੀਆਂ ਅਤੇ ਹੋਰ ਬੰਦੀਆਂ, ਆਈਸੀਈ (ICE) ਅਤੇ ਈਓਆਈਆਰ (EOIR), ਅਤੇ ਜਨਤਕ ਮੈਂਬਰਾਂ ਦੇ ਬਚਾਉ ਅਤੇ ਸੁਰੱਖਿਆ ਦੀ ਸੰਭਾਲ ਕਰੇਗੀ।
2. ਸਧਾਰਨ ਤੌਰ 'ਤੇ, ਸਾਰੇ ਬੰਦੀ ਮਾਸਟਰ ਕੈਲੰਡਰ (Master Calendar) ਸੁਣਵਾਈਆਂ ਵਿਖੇ ਪੂਰੇ ਬੰਧਨਾਂ (ਭਾਵ ਲੱਤਾਂ ਦੇ ਬੰਧਨ, ਬਾਂਹ ਦੀ ਜ਼ੰਜੀਰ ਅਤੇ/ਜਾਂ ਹੱਥਕੜੀਆਂ) ਸਮੇਤ ਪੇਸ਼ ਹੋਣਗੇ। ਪਰ, ਕੋਈ ਵੀ ਸੁਪਰਵਾਈਜ਼ਰੀ ਡਿਟੈਂਸ਼ਨ ਐਂਡ ਡੀਪੋਰਟੇਸ਼ਨ ਆਫ਼ੀਸਰ ("SDDO") ਬਹੁਤ ਔਖੇ ਹਾਲਾਤਾਂ ਹੇਠ, ਜਾਂ ਕਿਸੇ ਬੰਦੀ ਦੀ ਇਹਨਾਂ ਬੰਧਨਾਂ ਨੂੰ ਹਟਾਉਣ ਜਾਂ ਘਟਾਉਣ ਦੀ ਬੇਨਤੀ ਉਪਰੰਤ ਮਾਸਟਰ ਕੈਲੰਡਰ ਹੀਅਰਿੰਗਜ਼ (Master Calendar Hearings) ਵਿਖੇ  ਵਰਤੇ ਜਾਣ ਵਾਲੇ ਬੰਧਨਾਂ ਦੇ ਪੱਧਰ ਵਿੱਚ ਸੋਧ ਕਰ ਸਕਦਾ/ਸਕਦੀ ਹੈ, ਜੇਕਰ ਬੰਦੀ ਕਿਸੇ ਅਜਿਹੀ ਸਰੀਰਕ, ਮਾਨਸਿਕ ਜਾਂ ਮੈਡੀਕਲ ਹਾਲਤ ਨਾਲ ਪੀੜਿਤ ਹੈ ਜਿਹੜੀ ਬੰਧਨਾਂ ਦੀ ਅਰਜ਼ੀ ਨੂੰ ਸੁਰੱਖਿਅਤ ਅਤੇ ਦਿਆਲੂ ਢੰਗ ਨਾਲ ਰੋਕ ਦੇਵੇਗੀ। ਬੰਧਨਾਂ ਦਾ ਪੱਧਰ ਹਟਾਉਣ ਜਾਂ ਘਟਾਉਣ ਬਾਰੇ ਬੰਦੀ ਦੀ ਬੇਨਤੀ ਬਾਰੇ ਐਸਡੀਡੀਓ (SDDO) ਦਾ ਮਾਸਟਰ ਕੈਲੰਡਰ ਹੀਅਰਿੰਗ (Master Calendar Hearing) ਵਿਖੇ ਦਰਜ ਕੀਤੇ ਜਾਣ ਵਾਲਾ ਫ਼ੈਸਲਾ ਆਈਸੀਈ (ICE) ਅਤੇ/ਜਾਂ ਉਸਦੇ ਕਾਊਂਸਿਲ ਦੁਆਰਾ ਦਸਤਾਵੇਜ਼ਬੱਧ ਕੀਤਾ ਜਾਵੇਗਾ।

3. ਐਮਰਜੈਂਸੀ ਹਾਲਤਾਂ ਤੋਂ ਛੁੱਟ (ਹੇਠਾਂ ਚਰਚਾ ਕੀਤੀਆਂ ਗਈਆਂ), ਬਾਂਡ ਜਾਂ ਮੈਰਿਟਸ ਸੁਣਵਾਈਆਂ ਲਈ ਪੇਸ਼ ਹੋਣ ਵਾਲੇ ਬੰਦੀਆਂ ਨੂੰ ਬੰਧਨ ਵਿੱਚ ਨਹੀਂ ਰੱਖਿਆ ਜਾਵੇਗਾ।

4. ਬੰਦੀ ਦੀ ਸੁਰੱਖਿਅਤਾ ਦੇ ਬਚਾਉ ਲਈ, ਹੋਰ ਬੰਦੀਆਂ, ਪਬਲਿਕ, ਆਈਸੀਈ (ICE) ਜਾਂ ਈਓਆਈਆਰ (EOIR) ਵਿਅਕਤੀ, ਜਾਂ ਫਰਾਰ ਹੋਣ ਤੋਂ ਰੋਕਣ ਲਈ ਅਫ਼ਸਰ, ਐਮਰਜੈਂਸੀ ਹਾਲਾਤਾਂ ਵਿੱਚ ਕੇਵਲ ਬਾਂਡ ਅਤੇ ਮੈਰਿਟਸ ਸੁਣਵਾਈਆਂ ਵਿੱਚ ਬੰਧਨਾਂ ਲਈ ਬੇਨਤੀ ਕਰ ਸਕਦੇ ਹਨ। ਐਮਰਜੈਂਸੀ ਹਾਲਤਾਂ ਵਿੱਚ ਉਹ ਹਾਲਾਤ ਸ਼ਾਮਲ ਹਨ ਜਿਹਨਾਂ ਵਿੱਚ ਬੰਦੀ ਹਮਲਾਵਰ, ਅਸ਼ਾਂਤ, ਹਿੰਸਕ ਜਾਂ ਧਮਕਾਉਣ ਵਾਲੇ ਬਣ ਜਾਂਦੇ ਹਨ। ਜੇਕਰ ਕਿਸੇ ਬੰਦੀ ਨੂੰ ਪਹਿਲਾਂ ਆਪਣੇ ਵਰਤੀਰੇ ਦੇ ਕਾਰਨ ਬੰਧਨ ਵਿੱਚ ਰੱਖਿਆ ਗਿਆ ਸੀ, ਉਸ ਬੰਦੀ ਨੂੰ ਭਵਿੱਖ ਦੀਆਂ ਸਾਰੀਆਂ ਸੁਣਵਾਈਆਂ ਵਿੱਚ ਬੰਧਨ ਵਿੱਚ ਰੱਖਿਆ ਜਾਵੇਗਾ। ਪਰ, ਜੇਕਰ ਕਿਸੇ ਬੰਦੀ ਨੂੰ ਪਹਿਲਾਂ ਆਪਣੇ ਵਰਤੀਰੇ ਦੇ ਕਾਰਨ ਬੰਧਨ ਵਿੱਚ ਰੱਖਿਆ ਗਿਆ ਸੀ, ਉਹ ਸਮਝਦਾ/ਸਮਝਦੀ ਹੈ ਕਿ ਉਸ ਕੋਲ ਮੈਡੀਕਲ, ਸਰੀਰਿਕ ਜਾਂ ਮਾਨਸਿਕ ਆਧਾਰ ਹਨ ਜਿਹੜੇ ਬੰਧਨਾਂ ਦੀ ਅਰਜ਼ੀ ਨੂੰ ਸੁਰੱਖਿਅਤ ਅਤੇ ਦਿਆਲੂ ਢੰਗ ਨਾਲ ਰੋਕਣਗੇ, ਉਹ ਬੰਦੀ ਭਵਿੱਖ ਵਿੱਚ ਬਾਂਡ ਜਾਂ ਮੈਰਿਟਸ ਸੁਣਵਾਈਆਂ ਵਿੱਚ ਬੰਧਨਾਂ ਦੀ ਵਰਤੋਂ ਦੀ ਅਰਜ਼ੀ ਵਿੱਚ ਸੋਧ ਜਾਂ ਹਟਾਉਣ ਲਈ ਬੇਨਤੀ ਕਰ ਸਕਦੇ ਹਨ। ਬੰਧਨਾਂ ਦਾ ਪੱਧਰ ਹਟਾਉਣ ਜਾਂ ਘਟਾਉਣ ਲਈ ਬਾਂਡ ਜਾਂ ਮੈਰਿਟਸ ਸੁਣਵਾਈ ਵਿੱਚ ਬੇਨਤੀ ਅਧੀਨ ਬੰਦੀ ਦੀ ਬੇਨਤੀ ਬਾਰੇ ਐਸਡੀਡੀਓ (SDDO) ਦਾ ਫ਼ੈਸਲਾ ਆਈਸੀਈ (ICE) ਅਤੇ/ਜਾਂ ਉਸਦੇ ਕਾਊਂਸਿਲ ਦੁਆਰਾ ਦਸਤਾਵੇਜ਼ਬੱਧ ਕੀਤਾ ਜਾਵੇਗਾ ਅਤੇ ਬੰਦੀਆਂ ਅਤੇ/ਜਾਂ ਉਨ੍ਹਾਂ ਦੇ ਕਾਊਂਸਿਲ ਨੂੰ ਉਸ ਬਾਰੇ ਸੂਚਿਤ ਕਰ ਦਿੱਤਾ ਜਾਵੇਗਾ।

5. ਕਲਾਸ ਮੈਂਬਰਾਂ ਨੂੰ ਪ੍ਰਤੀਵਾਦੀਆਂ ਦੀਆਂ ਨੀਤੀਆਂ ਵਿੱਚ ਉਪਰੋਕਤ ਦੱਸੀ ਗਈ ਤਬਦੀਲੀ ਦਾ ਸਾਰ ਸੂਚਨਾ ਪ੍ਰਾਪਤ ਹੋਵੇਗਾ, ਜਿਹੜਾ ਕਿ ਬੰਦੀਗ੍ਰਹਿ ਸਹੂਲਤਾਂ, ਜਿੱਥੇ ਉਨ੍ਹਾਂ ਨੂੰ ਰੱਖਿਆ ਜਾਵੇਗਾ, ਅਤੇ ੬੩੦ ਸੈਨਸੋਮ ਸਟ੍ਰੀਟ ਦੇ ਬੰਦੀਗ੍ਰਹਿ ਖੇਤਰਾਂ ਵਿੱਚ ਭੇਜ ਦਿੱਤਾ ਜਾਵੇਗਾ। ਇਸ ਤੋਂ ਦੇ ਨਾਲ-ਨਾਲ ਹਰੇਕ ਮਾਸਟਰ ਕੈਲੰਡਰ ਸੁਣਵਾਈ ਦੀ ਪ੍ਰਧਾਨਗੀ ਕਰਨ ਵਾਲਾ ਇਮੀਗ੍ਰੇਸ਼ਨ ਜੱਜ ਹੇਠ ਲਿਖਿਆ ਬਿਆਨ ਦੇਵੇਗਾ: "ਆਈਸੀਈ (ICE) ਕੋਲ ਅਦਾਲਤ ਵਿੱਚ ਬੰਧਨਾਂ ਦੀ ਵਰਤੋਂ ਬਾਰੇ ਇਕ ਨੀਤੀ ਹੈ, ਅਤੇ ਇਸ ਨੀਤੀ ਦੇ ਅਧੀਨ, ਵਿਅਕਤੀਆਂ ਨੂੰ ਆਮ ਤੌਰ 'ਤੇ ਅਜਿਹੀ ਸੁਣਵਾਈ ਵਿੱਚ ਬੰਧਨ ਵਿੱਚ ਰੱਖਿਆ ਜਾਂਦਾ ਹੈ। ਜੇਕਰ ਤੁਹਾਨੂੰ ਇਸ ਨੀਤੀ ਨੂੰ ਦਰਸਾਉਣ ਵਾਲੇ ਸੂਚਨਾ ਦੀ ਕਾਪੀ ਪ੍ਰਾਪਤ ਨਹੀਂ ਹੋਈ, ਜਾਂ ਜੇਕਰ ਤੁਸੀਂ ਇਸ ਸੁਣਵਾਈ ਵਿੱਚ ਆਪਣੇ ਕੇਸ ਵਿੱਚ ਬੰਧਨਾਂ ਦੀ ਵਰਤੋਂ ਵਿੱਚ ਤਬਦੀਲੀ ਬਾਰੇ ਬੇਨਤੀ ਕਰਨਾ ਚਾਹੁੰਦੇ ਹੋ, ਕਿਰਪਾ ਕਰਕੇ ਇਸ ਮੌਕੇ 'ਤੇ ਅਦਾਲਤਨੂੰ ਸਲਾਹ ਦਿਉ।"

6. ਮਾਸਟਰ ਕੈਲੰਡਰ ਸੁਣਵਾਈਆਂ ਸੰਬੰਧੀ ਵਕੀਲ-ਸਾਇਲ ਮਸ਼ਵਰਿਆਂ ਵਿੱਚ ਸਹੂਲਤ ਲਈ, ਆਈਸੀਈ (ICE) ਦੋ ਮੁਲਾਕਾਤ ਕਮਰਿਆਂ ਦਾ ਪ੍ਰਬੰਧਨ ਕਰੇਗਾ, ਇਹਨਾਂ ਵਿੱਚੋਂ ਇੱਕ ਸਵੇਰੇ ੭:੦੦ ਵਜੇ ਤੋਂ ੮:੪੫ ਵਜੇ ਤੱਕ ਗੁਪਤ ਵਕੀਲੀ ਮਸ਼ਵਰਿਆਂ ਲਈ ਅਤੇ ਆਈਸੀਈ (ICE) ਸੰਚਾਲਨ ਦੇ ਰੋਜ਼ਾਨਾ ਪ੍ਰਬੰਧਨ ਤੋਂ ਪੈਦਾ ਹੋਈਆਂ ਗ਼ੈਰਹਾਜ਼ਰ ਕਾਰਜਕਾਰੀ ਰੁਕਾਵਟਾਂ ਲਈ, ਸਵੇਰੇ ੮:੪੫ ਵਜੇ ਤੋਂ ੧੧:੦੦ ਵਜੇ ਤੱਕ, ਮਾਸਟਰ ਕੈਲੰਡਰ ਸੁਣਵਾਈਆਂ ਦੇ ਦੌਰਾਨ ਪਹਿਲਾਂ ਤੋਂ ਹੀ ਉਪਲਬਧ ਕਰਵਾਇਆ ਜਾਵੇਗਾ। ਪ੍ਰਤੀਵਾਦੀ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਬੰਦੀਆਂ ਕੋਲ ਪੇਸ਼ ਹੋਣ ਲਈ ਆਪਣੇ ਸੂਚਨਾ ਦੀ ਕਾਪੀ ਮੌਜੂਦ ਹੈ। ਇਸ ਤੋਂ ਇਲਾਵਾ, ਪ੍ਰਤੀਵਾਦੀ ਮਾਸਟਰ ਕੈਲੰਡਰ ਸੁਣਵਾਈਆਂ ਦੇ ਦੌਰਾਨ, ਕੋਰਟਰੂਮ ਵਿੱਚ ਸੰਖੇਪ ਵਕੀਲ-ਸਾਇਲ ਮਸ਼ਵਰੇ ਲਈ ਇੱਕ ਸੀਟ ਖਾਲੀ

ਰੱਖਣ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ, ਬਸ਼ਰਤੇ ਕਿ ਇਹ ਪ੍ਰਤੀਵਾਦੀ ਦੀ ਕਾਰਵਾਈ ਦੇ ਸੰਚਾਲਨ ਦੀ ਯੋਗਤਾ ਵਿੱਚ ਜਾਂ ਕੋਰਟਰੂਮ ਦੇ ਬਚਾਉ ਅਤੇ ਸੁਰੱਖਿਆ ਵਿੱਚ ਦਖ਼ਲਅੰਦਾਜ਼ੀ ਜਾਂ ਰੁਕਾਵਟ ਨਾ ਪਾਉਂਦੀ ਹੋਵੇ।

7. ਘੱਟੋ-ਘੱਟ ਦੋ ਸਾਲਾਂ ਤੱਕ, ਕਲਾਸ ਕਾਊਂਸਿਲ ਉਨ੍ਹਾਂ ਬੰਦੀਆਂ ਨਾਲ ਸੰਬੰਧਤ ਦਸਤਾਵੇਜ਼ ਅਤੇ ਜਾਣਕਾਰੀ ਪ੍ਰਾਪਤ ਕਰੇਗੀ ਜਿਨ੍ਹਾਂ ਨੂੰ ਬਾਂਡ ਜਾਂ ਮੈਰਿਟਸ ਸੁਣਵਾਈਆਂ ਵਿੱਚ ਕਿਸੇ ਐਮਰਜੈਂਸੀ ਸਥਿਤੀ ਵਿੱਚ ਬੰਧਨਗ੍ਰਸਿਤ ਕੀਤਾ ਗਿਆ ਸੀ, ਅਤੇ ਇਸਦੇ ਨਾਲ ਹੀ ਬੰਦੀਆਂ ਦੁਆਰਾ ਬੰਧਨਾਂ ਦੇ ਪੱਧਰ ਨੂੰ ਸੋਧਣ ਜਾਂ ਘਟਾਉਣ ਲਈ ਬੇਨਤੀਆਂ ਪ੍ਰਾਪਤ ਕਰੇਗੀ।
8. ਪ੍ਰਤੀਵਾਦੀ ਕਲਾਸ ਕਾਊਂਸਿਲ ਨੂੰ $੩੫੦,੦੦ ਦੀ ਰਕਮ ਵਿੱਚੋਂ ਵਕੀਲ ਦੀ ਉਚਿਤ ਫ਼ੀਸ ਅਤੇ ਖਰਚੇ ਅਦਾ ਕਰਨਗੇ।
9. ਕਲਾਸ ਮੈਂਬਰ "ਰਿਲੀਜ਼ਡ ਕਲੇਮਜ਼ ਅਗੇਨਸਟ ਡਿਫੈਂਡੈਂਟਸ" (Released Claims against Defendants) ਜਾਰੀ ਕਰਨਗੇ।

## ਕਲਾਸ ਮੈਂਬਰ ਵਜੋਂ ਤੁਹਾਡੇ ਹੱਕ ਕੀ ਹਨ?

ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਜੇਕਰ ਤੁਸੀਂ ਸਮਝੌਤੇ ਤੋਂ ਸੰਤੁਸ਼ਟ ਹੋ। ਜੇਕਰ ਤੁਸੀਂ ਪ੍ਰਸਤਾਵਿਤ ਸਮਝੌਤੇ ਦੇ ਕੋਈ ਵੀ ਨਿਯਮਾਂ ਤੋਂ ਅਸੰਤੁਸ਼ਟ ਹੋ, ਤੁਸੀਂ ਕਲਾਸ ਕਾਊਂਸਲ ਨੂੰ ਲਿਖਤੀ ਰੂਪ ਵਿੱਚ, ਸਧਾਰਨ ਡਾਕ ਰਾਹੀਂ ਜਾਂ ਇਲੈਕਟ੍ਰਾਨਿਕ ਮੇਲ ਰਾਹੀਂ, ਜਾਂ ਆਪਣੇ ਟੈਲੀਫ਼ੋਨ ਦੁਆਰਾ ਸੰਦੇਸ਼ ਭੇਜ ਕੇ ਆਪਣੇ ਵਿਰੋਧ ਨੂੰ ਦਰਜ ਕਰਦਿਆਂ ਹੋਇਆਂ ਸਮਝੌਤੇ ਦਾ ਵਿਰੋਧ ਕਰ ਸਕਦੇ ਹੋ। ਜੇਕਰ ਤੁਸੀਂ ਕਿਸੇ ਬੰਦੀਗ੍ਰਹਿ ਸਹੂਲਤ ਦੇ ਅੰਦਰੋਂ ਕਾਲ ਕਰ ਰਹੇ ਹੋ, ਤੁਸੀਂ ੯੧੬੦# ਉੱਤੇ ਡਾਇਲ ਕਰਕੇ ਫ੍ਰੀ ਕਾਲ ਸਿਸਟਮ ਦੀ ਵਰਤੋਂ ਕਰ ਸਕਦੇ ਹੋ। ਜੇਕਰ ਤੁਸੀਂ ਬੰਦੀਗ੍ਰਹਿ ਤੋਂ ਬਾਹਰੋਂ ਕਾਲ ਕਰ ਰਹੇ ਹੋ, ਕਿਰਪਾ ਕਰਕੇ (੬੫੦) ੭੪੯-੩੧੭੬ ਉੱਤੇ ਕਾਲ ਕਰੋ। ਜੇਕਰ ਤੁਸੀਂ ਆਪਣਾ ਵਿਰੋਧ ਲਿਖਤੀ ਰੂਪ ਵਿੱਚ ਕਰਦੇ ਹੋ, ਤੁਹਾਨੂੰ ਇਸ ਪਤੇ ਤੇ ਭੇਜਣਾ ਪਵੇਗਾ:

ਜੂਲੀਆ ਹਾਰੂਮੀ ਮਾਸ
ਅਮੈਰੀਕਨ ਸਿਵਿਲ ਲਿਬਰਟੀਜ਼ ਫਾਊਂਡੇਸ਼ਨ
ਆਫ਼ ਨਾਰਦਰਨ ਕੈਲੀਫੋਰਨੀਆ, ਇੰਕ.
੩੯ ਡਰੰਮ ਸਟ੍ਰੀਟ
ਸੈਨ ਫਰਾਂਸਿਸਕੋ, ਸੀਏ (CA) ੯੪੧੧੧
Jmass@aclunc.org

ਤੁਹਾਡਾ ਵਿਰੋਧ ਜਾਂ ਆਬਜੈਕਸ਼ਨ ਮਾਰਚ ੨੦, ੨੦੧੪ ਤੋਂ ਪਹਿਲਾਂ ਪ੍ਰਾਪਤ ਹੋ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਇਸ ਤਾਰੀਖ਼ ਤੱਕ ਆਪਣਾ ਵਿਰੋਧ ਨਹੀਂ ਕਰਦੇ, ਤੁਸੀਂ ਵਿਰੋਧ ਕਰਨ ਦਾ ਹੱਕ ਗੁਆ ਬੈਠੋਗੇ। ਜੇਕਰ ਤੁਸੀਂ ਵਿਰੋਧ ਕਰਦੇ ਹੋ, ਤੁਹਾਡੇ ਕੋਲ ਨਿੱਜੀ ਤੌਰ 'ਤੇ ਪੇਸ਼ ਹੋਣ ਜਾਂ ਕਿਸੇ ਵਕੀਲ ਰਾਹੀਂ ਸਮਝੌਤਾ ਸੁਣਵਾਈ ਵਿੱਚ ਆਪਣਾ ਵਿਰੋਧ ਪੇਸ਼ ਕਰਨ ਦਾ ਅਧਿਕਾਰ ਹੈ। ਅਦਾਲਤ ਦੀ ਵਿਸ਼ੇਸ਼ ਮਨਜ਼ੂਰੀ ਤੋਂ ਛੁੱਟ, ਤੁਹਾਨੂੰ ਸੁਣਵਾਈ ਵਿੱਚ ਵਿਰੋਧ ਕਰਨ ਦੀ ਇਜਾਜ਼ਤ ਨਹੀਂ ਮਿਲੇਗੀ ਜੇਕਰ ਤੁਹਾਡਾ ਵਿਰੋਧ ਉੱਤੇ ਦਿੱਤੇ ਗਏ ਵੇਰਵੇ ਅਨੁਸਾਰ ਮਾਰਚ ੨੦, ੨੦੧੪ ਨੂੰ ਜਾਂ ਇਸ ਤੋਂ ਪਹਿਲਾਂ ਪ੍ਰਾਪਤ ਨਹੀਂ ਹੁੰਦਾ।

ਜੇਕਰ, ਸੁਣਵਾਈ ਤੋਂ ਬਾਦ, ਅਦਾਲਤ ਸਮਝੌਤੇ ਨੂੰ ਰੱਦ ਕਰ ਦਿੰਦੀ ਹੈ, ਇਹ ਖਾਰਜ ਹੋ ਜਾਵੇਗਾ ਅਤੇ ਇਸ ਕੇਸ ਦਾ ਮੁਕੱਦਮਾ ਜਾਰੀ ਰਹੇਗਾ। ਅਜਿਹਾ ਹੁੰਦਾ ਹੈ, ਪਰ, ਇਸਦਾ ਕੋਈ ਭਰੋਸਾ ਨਹੀਂ: (ੳ) ਮੁਕੱਦਮੇ ਦੇ ਦੌਰਾਨ ਕੋਈ ਫ਼ੈਸਲਾ ਕਲਾਸ ਦੇ ਹੱਕ ਵਿੱਚ ਹੋਵੇਗਾ; (ਅ) ਮੁਕੱਦਮੇ

ਦਾ ਹੱਕ ਵਾਲਾ ਫ਼ੈਸਲਾ, ਜੇਕਰ ਕੋਈ ਹੋਵੇਗਾ, ਇਸ ਸਮਝੌਤੇ ਦੀ ਕਲਾਸ ਦੇ ਹੱਕ ਵਿੱਚ ਹੋਵੇਗਾ; ਜਾਂ (ੲ) ਅਜਿਹਾ ਕੋਈ ਵੀ ਹੱਕ ਦੇ ਮੁਕੱਦਮੇ ਵਾਲਾ ਫ਼ੈਸਲਾ ਜਾਰੀ ਰਹੇਗਾ ਜੇਕਰ ਕੋਈ ਅਪੀਲ ਦਰਜ ਕੀਤੀ ਜਾਂਦੀ ਹੈ।

## ਸਮਝੌਤੇ ਬਾਰੇ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕੀਤੀ ਜਾਵੇ

ਜੇਕਰ ਪ੍ਰਸਤਾਵਿਤ ਸਮਝੌਤੇ ਬਾਰੇ ਤੁਹਾਡੇ ਕੋਲ ਸਵਾਲ ਹਨ, ਜਾਂ ਤੁਸੀਂ ਇਸ ਦੀ ਇੱਕ ਕਾਪੀ ਪ੍ਰਾਪਤ ਕਰਨਾ ਚਾਹੁੰਦੇ ਹੋ, ਤੁਸੀਂ ਹੇਠ ਲਿਖੇ ਪਤੇ ਉੱਤੇ, ਕਲਾਸ ਦਾ ਪ੍ਰਤੀਨਿਧੀ ਕਰਨ ਵਾਲੇ ਵਕੀਲ ਨਾਲ ਸੰਪਰਕ ਕਰ ਸਕਦੇ ਹੋ:

ਜੂਲੀਆ ਹਾਰੂਮੀ ਮਾਸ

ਅਮੈਰੀਕਨ ਸਿਵਿਲ ਲਿਬਰਟੀਜ਼ ਫਾਊਂਡੇਸ਼ਨ
ਆਫ਼ ਨਾਰਦਰਨ ਕੈਲੀਫੋਰਨੀਆ, ਇੰਕ.
੩੯ ਡਰੰਮ ਸਟ੍ਰੀਟ
ਸੈਨ ਫਰਾਂਸਿਸਕੋ, ਸੀਏ (CA) ੯੪੧੧੧
ਟੈਲੀਫ਼ੋਨ: (੪੧੫) ੬੨੧-੨੪੯੩
ਫੈਕਸ: (੪੧੫) ੨੫੫-੮੪੩੭

ਬੰਦੀਗ੍ਰਹਿ ਸਹੂਲਤਾਂ ਤੋਂ ਤੁਸੀਂ ਫ੍ਰੀ ਕਾਲ ਸਿਸਟਮ ਦੀ ਵਰਤੋਂ ਕਰ ਸਕਦੇ ਹੋ ਅਤੇ ੯੧੬੦# ਉੱਤੇ ਡਾਇਲ ਕਰ ਸਕਦੇ ਹੋ। ਇਸਦਾ ਕੋਈ ਖਰਚ ਨਹੀਂ ਹੋਵੇਗਾ।

## ਪ੍ਰਤੀਵਾਦੀਆਂ, ਡਿਸਟ੍ਰਿਕਟ ਅਦਾਲਤ ਜਾਂ ਜੱਜ ਨਾਲ ਸੰਪਰਕ ਨਾ ਕਰੋ।

ਤਾਰੀਖ: ਜਨਵਰੀ ੩੦, ੨੦੧੪

**ਯੂਨਾਇਟਿਡ ਸਟੇਟਸ ਡਿਸਟ੍ਰਿਕਟ ਕੋਰਟ,**
**ਨਾਰਦਰਨ ਡਿਸਟ੍ਰਿਕਟ ਆਫ਼ ਕੈਲੀਫੋਰਨੀਆ**